    Five years hence, the age of Ram will be three times that of his son. Five years ago, Ram’s age was seven times that of his son. What are their present ages?

# Triangles

- **Each question carry six marks**

1.ਸਿੱਧ ਕਰੋ ਕਿ ਜੇਕਰ ਕਿਸੇ ਤ੍ਰਿਭੁਜ ਦੀ ਇੱਕ ਭੁਜਾ ਦੇ ਸਮਾਂਤਰ ਬਾਕੀ ਦੋ ਭੁਜਾਵਾਂ ਨੂੰ ਭਿੰਨ-ਭਿੰਨ ਬਿੰਦੂਆਂ ਤੇ ਕੱਟਦੀ ਹੋਈ ਇੱਕ ਰੇਖਾ ਖਿੱਚੀ ਜਾਵੇ,ਤਾਂ ਬਾਕੀ ਦੋ ਭੁਜਾਵਾਂ ਇੱਕ ਹੀ ਅਨੁਪਾਤ ਵਿੱਚ ਵੰਡੀਆਂ ਜਾਂਦੀਆਂ ਹਨ

Prove that if a line is drawn parallel to one side of a triangle to intersect the other two sides in distinct points, the other two sides are divided in the same ratio.

2. ABCD ਇੱਕ ਸਮਲੰਬ ਚਤੁਰਭੁਜ ਹੈ ਜਿਸ ਵਿੱਚ AB || DC ਹੈ।ਸਮਾਂਤਰ ਭੁਜਾਵਾਂ AD ਅਤੇ BC ਉੱਤੇ ਕ੍ਰਮਵਾਰ ਬਿੰਦੂ E ਅਤੇ F ਇਸ ਪ੍ਰਕਾਰ ਸਥਿਤ ਹਨ ਕਿ EF ਭੁਜਾ AB ਦੇ ਸਮਾਂਤਰ ਹੈ ਦਿਖਾਉ ਕਿ $\frac{AE}{ED} = \frac{BF}{FC}$ਹੈ।




ABCD is a trapezium with AB || DC. E and F are points on non-parallel sidesAD and BC respectively such that EF is parallel to AB (see Fig.). Show that $\frac{AE}{ED} = \frac{BF}{FC}$

3. 90 ਸਮ ਲੰਬਾਈ ਵਾਲੀ ਇੱਕ ਲੜਕੀ ਬਲਬ ਲੱਗੇ ਇੱਕ ਖੰਭੇ ਦੇ ਆਧਾਰ ਤੋਂ 1.2 ਮੀ/ਸੈ ਦੀ ਚਾਲ ਨਾਲ ਦੂਰ ਜਾ ਰਹੀ ਹੈ। ਜੇਕਰ ਜਮੀਰ ਤੋਂ 3.6 ਮੀ ਉੱਚਾਈ ਤੇ ਹੋਵੇ ਤਾਂ 4 ਸੈਕਿੰਡ ਬਾਅਦ ਉਸ ਲੜਕੀ ਦੀ ਛਾਂ ਦੀ ਲੰਬਾਈ ਪਤਾ ਕਰੋ।




A girl of height 90 cm is walking away from the base of a lamp-post at a speed of 1.2 m/s. If the lamp is 3.6 m above the ground, find the length of her shadow after4 seconds.

4. 6ਮੀ ਲੰਬਾਈ ਵਾਲੇ ਇੱਕ ਲੰਬ ਰੂਪ ਵਿੱਚ ਖੜੇ ਖੰਭੇ ਦੀ ਜਮੀਨ ਤੇ ਪਰਛਾਵੇ ਦੀ ਲੰਬਾਈ 4 ਮੀ ਹੈ। ਜਦੋਂ ਕਿ ਉਸੇ ਸਮੇਂ ਇੱਕ ਮੀਨਾਰ ਦੀ ਪਰਛਾਵੇਂ ਦੀ ਲੰਬਾਈ 28ਮੀ ਹੈ।ਮੀਨਾਰ ਦੀ ਉਚਾਈ ਪਤਾ ਕਰੋ।

A vertical pole of length 6 m casts a shadow 4 m long on the ground and at the same time a tower casts a shadow 28 m long. Find the height of the tower.

5. CM ਅਤੇ RN ਤ੍ਰਿਭੁਜ ABC ਅਤੇ PQR ਦੀਆਂ ਕ੍ਰਮਵਾਰ ਮੱਧਿਕਾਵਾ ਹਨ, ਜਦੋਂ ਕਿ $\triangle ABC \sim \triangle PQR$ ਹੈ। ਸਿੱਧ ਕਰੋ ਕਿ $\triangle AMC \sim \triangle PNR$ਹੈ।

If CM and RN are medians of triangles ABC and PQR, respectively where $\triangle ABC \sim \triangle PQR$, prove that $\triangle AMC \sim \triangle PNR$

6.ਚਿੱਤਰ ਵਿੱਚ$\triangle ODC \sim \triangle OBA$, $\angle BOC = 125°$ ਅਤੇ$\angle CDO = 70°$. $\angle DOC$, $\angle DCO$ ਅਤੇ$\angle OAB$ ਪਤਾ ਕਰੋ।




In Figure,$\triangle ODC \sim \triangle OBA$, $\angle BOC = 125°$ and $\angle CDO = 70°$. Find $\angle DOC$, $\angle DCO$ and $\angle OAB$

7. ABCD ਇੱਕ ਸਮਲੰਬ ਚਤੁਰਭੁਜ ਹੈ ਜਿਸ ਵਿੱਚ AB || DCਹੈ। ਅਤੇ ਇਸ ਦੇ ਵਿਕਰਣ ਆਪਸ ਵਿੱਚ ਬਿੰਦੂ O ਤੇ ਕੱਟਦੇ ਹਨ।ਦਿਖਾਉ ਕਿ $\frac{AO}{BO} = \frac{CO}{DO}$

ABCD is a trapezium in which AB || DC and its diagonals intersect each other at the point O. Show that $\frac{AO}{BO} = \frac{CO}{DO}$

8. ਇੱਕ ਚਤੁਰਭੁਜ ABCD ਦੇ ਵਿਕਰਣ ਆਪਸ ਵਿੱਚ ਬਿੰਦੂ O ਉੱਤੇ ਇਸ ਤਰ੍ਹਾਂ ਕੱਟਦੇ ਹਨ ਕਿ $\frac{AO}{BO} = \frac{CO}{DO}$ ਹੈ। ਦਿਖਾਉ ਕਿ ABCD ਇੱਕ ਸਮਲੰਬ ਚਤੁਰਭੁਜ ਹੈ

The diagonals of a quadrilateral ABCD intersect each other at the point O such that $\frac{AO}{BO} = \frac{CO}{DO}$, Show that ABCD is a trapezium

9. ਇੱਕ ਤ੍ਰਿਭੁਜ ABC ਦੀਆਂ ਭੁਜਾਵਾਂ AB,AC ਅਤੇ ਮੱਧਿਕਾ AD ਇੱਕ ਹੋਰ ਤ੍ਰਿਭੁਜ ਦੀਆ ਭੁਜਾਵਾਂ PQ,PR ਅਤੇ ਮੱਧਿਕਾ PM ਦੇ ਕ੍ਰਮਵਾਰ ਸਮਾਨ ਅਨੁਪਾਤੀ ਹਨ।ਦਰਸਾਓ ਕਿ $\Delta ABC \sim \Delta PQR$ਹੈ।

Sides AB and AC and median AD of a triangle ABC are respectively proportional to sides PQ and PR and median PM of another triangle PQR. Show that $\Delta ABC \sim \Delta PQR$.

10.ਚਿੱਤਰ ਵਿੱਚ $\angle P$ ਪਤਾ ਕਰੋ।

Observe Fig. and then find $\angle P$



# Statistics

- Each question carry six marks

1.

| Expenditure in rupees | 11-13 | 13-15 | 15-17 | 17-19 | 19-21 | 21-23 | 23-25 |
|---|---|---|---|---|---|---|---|
| No. of children | 7 | 6 | 9 | 13 | f | 5 | 4 |

If mean of the expenditure is 18. Find the value of frequency f.

| ਖਰਚੇ | 11-13 | 13-15 | 15-17 | 17-19 | 19-21 | 21-23 | 23-25 |
|---|---|---|---|---|---|---|---|
| ਬੱਚਿਆਂ ਦੀ ਗਿਣਤੀ | 7 | 6 | 9 | 13 | f | 5 | 4 |

ਅਗਿਆਤ ਬਾਰੰਬਾਰਤਾ ਪਤਾ ਕਰੋ ਜੇ ਮੱਧਮਾਨ ਜੇਬ ਖਰਚ 18 ਰੁ ਹੈ।

2. The table below shows the daily expenditure on food of 25 household in a locality. Find the mean of daily expenditure on food.

| Daily Expenditure (in Rupees) | 100-150 | 150-200 | 200-250 | 250-300 | 300-350 |
|---|---|---|---|---|---|
| Number of Families | 4 | 5 | 12 | 2 | 2 |

ਹੇਠਾਂ ਦਿੱਤੀ ਸਾਰਨੀ ਕਿਸੇ ਮੁਹੱਲੇ ਦੇ 25 ਪਰਿਵਾਰਾਂ ਦੇ ਭੋਜਨ ਉਪੱਰ ਕੀਤੇ ਖਰਚ ਨੂੰ ਦਰਸਾਉਂਦੀ ਹੈ।ਭੋਜਨ ਉਪੱਰ ਹੋਏ ਖਰਚ ਦਾ ਮੱਧਮਾਨ ਪਤਾ ਕਰੋ।

| ਰੋਜਾਨਾ ਖਰਚ (ਰੁ ਵਿੱਚ) | 100-150 | 150-200 | 200-250 | 250-300 | 300-350 |
|---|---|---|---|---|---|
| ਪਰਿਵਾਰਾਂ ਦੀ ਸੰਖਿਆ | 4 | 5 | 12 | 2 | 2 |

3. The daily income of the sample of 50 employees are tabulated as follows.

| Wages | 100-120 | 120-140 | 140-160 | 160-180 | 180-200 |
|---|---|---|---|---|---|
| No. of employees | 12 | 14 | 8 | 6 | 10 |

Find the mean.

ਕਿਸੇ ਫੈਕਟਰੀ ਦੇ 50 ਮਜ਼ਦੂਰਾ ਦੀ ਮਜ਼ਦੂਰੀ ਹੇਠ ਲਿਖੇ ਅਨੁਸਾਰ ਹੈ, ਮਜ਼ਦੂਰਾ ਦੀ ਮੱਧਮਾਨ ਮਜ਼ਦੂਰੀ ਪਤਾ ਕਰੋ।

| ਮਜ਼ਦੂਰੀ | 100-120 | 120-140 | 140-160 | 160-180 | 180-200 |
|---|---|---|---|---|---|
| ਮਜ਼ਦੂਰਾ ਦੀ ਗਿਣਤੀ | 12 | 14 | 8 | 6 | 10 |

4. The following table given the literacy rate of 35 cities. Find the mean of literacy rate.

| Literacy Rate | 45-55 | 55-65 | 65-75 | 75-85 | 85-95 |
|---|---|---|---|---|---|
| Number of Cities | 3 | 10 | 11 | 8 | 3 |

ਹੇਠਾਂ ਦਿੱਤੀ ਸਾਰਨੀ 35 ਸ਼ਹਿਰਾਂ ਦੀ ਸਾਖਰਤਾ ਦਰਦਰਸਾਉਂਦੀ ਹੈ।ਮੱਧਮਾਨ ਸਾਖਰਤਾ ਦਰ ਪਤਾ ਕਰੋ।

| ਸਾਖਰਤਾ ਦਰ | 45-55 | 55-65 | 65-75 | 75-85 | 85-95 |
|---|---|---|---|---|---|
| ਸ਼ਹਿਰਾਂ ਦੀ ਸੰਖਿਆ | 3 | 10 | 11 | 8 | 3 |

5. The following data gives the information on the observed lifetimes (in hours) of 225 electrical components. Find the mode lifetimes of the components.

| Lifetimes (in hours) | 0-20 | 20-40 | 40-60 | 60-80 | 80-100 | 100-120 |
|---|---|---|---|---|---|---|
| Frequency | 10 | 35 | 52 | 61 | 38 | 29 |

ਹੇਠਾਂ ਦਿੱਤੀ ਸਾਰਨੀ 225 ਬਿਜਲੀ ਉਪਕਰਨਾਂ ਦੇ ਜੀਵਨ ਕਾਲ (ਘੰਟਿਆਂ ਵਿੱਚ) ਦੀ ਸੂਚਨਾਂ ਦਿੰਦੀ ਹੈ।ਬਹੁਲਕ ਜੀਵਨ ਕਾਲ ਪਤਾ ਕਰੋ।

| ਜੀਵਨ ਕਾਲ (ਘੰਟਿਆਂ ਵਿੱਚ) | 0-20 | 20-40 | 40-60 | 60-80 | 80-100 | 100-120 |
|---|---|---|---|---|---|---|
| ਬਾਰੰਬਾਰਤਾ | 10 | 35 | 52 | 61 | 38 | 29 |

6. The given distribution shows the number of runs scored by some top batsmen of the world in one day international cricket matches. Find mode.

| Runs scored | 3000-4000 | 4000-5000 | 5000-6000 | 6000-7000 | 7000-8000 | 8000-9000 | 9000-10000 | 10000-11000 |
|---|---|---|---|---|---|---|---|---|
| No. of batsmen | 4 | 18 | 9 | 7 | 6 | 3 | 1 | 1 |

ਦਿੱਤੀ ਸਾਰਨੀ ਵਿਸ਼ਵ ਦੇ ਕੁਝ ਵਧੀਆ ਬੱਲੇਬਾਜਾਂ ਦੁਆਰਾ ਇੱਕ ਰੋਜਾ ਅੰਤਰ-ਰਾਸ਼ਟਰੀ ਕ੍ਰਿਕੇਟ ਮੈਚਾਂ ਵਿੱਚ ਬਣਾਇਆਂ ਗਈਆਂ ਦੋੜਾਂ ਨੂੰ ਦਰਸਾਉਂਦੀ ਹੈ।ਬਹੁਲਕ ਪਤਾ ਕਰੋ।

| ਬਣਾਇਆਂ ਗਈਆਂ ਦੋੜਾਂ | 3000-4000 | 4000-5000 | 5000-6000 | 6000-7000 | 7000-8000 | 8000-9000 | 9000-10000 | 10000-11000 |
|---|---|---|---|---|---|---|---|---|
| ਬੱਲੇਬਾਜਾਂ ਦੀ ਸੰਖਿਆ | 4 | 18 | 9 | 7 | 6 | 3 | 1 | 1 |

7. The following data is

| Class interval | 0-10 | 10-20 | 20-30 | 30-40 | 40-50 | 50-60 | Total |
|---|---|---|---|---|---|---|---|
| Frequency | 5 | X | 20 | 15 | Y | 5 | 60 |

If median is 28.5 then find the value of frequency X and Y.

ਜੇਕਰ ਹੇਠ ਲਿਖੇ ਅੰਕੜਿਆਂ ਦੀ ਮੱਧਿਕਾ 28.5 ਹੈ ਤਾਂ ਅਗਿਆਤ ਬਾਰੰਬਾਰਤਾ X ਅਤੇ Y ਦਾ ਮੁੱਲ ਪਤਾ ਕਰੋ।

| ਵਰਗ ਅੰਤਰਾਲ | 0-10 | 10-20 | 20-30 | 30-40 | 40-50 | 50-60 | Total |
|---|---|---|---|---|---|---|---|
| ਬਾਰੰਬਾਰਤਾ | 5 | X | 20 | 15 | Y | 5 | 60 |

8. A life insurance agent found the following data for distribution of ages of 100 policy holders. Calculate the median age if policies are given only to persons having age 18 years onwards but less than 60 years.

| Age (in years) | Below 20 | Below 25 | Below 30 | Below 35 | Below 40 | Below 45 | Below 50 | Below 55 | Below 60 |
|---|---|---|---|---|---|---|---|---|---|
| Number of policy holders | 2 | 6 | 24 | 45 | 78 | 89 | 92 | 98 | 100 |

ਇੱਕ ਜੀਵਨ ਬੀਮਾ ਏਜੰਟ 100 ਪਾਲਿਸੀ ਪਾਰਕਾਂ ਦੀ ਉਮਰ ਦੀ ਵੰਡ ਤੋਂ ਹੇਠ ਲਿਖੇ ਅੰਕੜੇ ਪ੍ਰਾਪਤ ਕਰਦਾ ਹੈ।ਮੱਧਿਕਾ ਉਮਰ ਪਤਾ ਕਰੋ ਜੇਕਰ ਪਾਲਿਸੀ ਉਨ੍ਹਾਂ ਵਿਅਕਤੀਆਂ ਨੂੰ ਦੀਤੀ ਜਾਵੇ ਜਿਨ੍ਹਾਂ ਦੀ ਉਮਰ 18 ਸਾਲ ਜਾਂ ਉਸ ਤੋਂ ਅਧਿਕ ਹੋਵੇ ਪ੍ਰੰਤੂ 60ਸਾਲ ਤੋਂ ਘੱਟ ਹੋਵੇ ।

| ਉਮਰ (ਸਾਲਾਂ ਵਿੱਚ) | 20 ਤੋਂ ਘੱਟ | 25 ਤੋਂ ਘੱਟ | 30 ਤੋਂ ਘੱਟ | 35 ਤੋਂ ਘੱਟ | 40 ਤੋਂ ਘੱਟ | 45 ਤੋਂ ਘੱਟ | 50ਤੋਂ ਘੱਟ | 55 ਤੋਂ ਘੱਟ | 60ਤੋਂ ਘੱਟ |
|---|---|---|---|---|---|---|---|---|---|
| ਪਾਲਿਸੀ ਪਾਰਕਾਂ ਦੀ ਸੰਖਿਆ | 2 | 6 | 24 | 45 | 78 | 89 | 92 | 98 | 100 |

9. The length of 40 leaves of the plant is measured in mm and getting data show in following in frequency.

| Length(mm) | 118-126 | 127-135 | 136-144 | 145-153 | 154-162 | 163-171 | 172-180 |
|---|---|---|---|---|---|---|---|
| No. of leaves | 3 | 5 | 9 | 12 | 5 | 4 | 2 |

Find the median length of the leaves.

ਇੱਕ ਪੌਦੇ ਦੀਆਂ 40 ਪੱਤਿਆਂ ਦੀ ਲੰਬਾਈ ਲਗਭਗ ਮਿਲੀਮੀਟਰ ਵਿੱਚ ਮਾਪੀ ਜਾਂਦੀ ਹੈ ਅਤੇ ਪ੍ਰਾਪਤ ਅੰਕੜਿਆਂ ਨੂੰ ਦਿੱਤੀ ਸਾਰਣੀ ਦੇ ਰੂਪ ਵਿੱਚ ਦਰਸਾਇਆ ਗਿਆ ਹੈ: ਪੱਤਿਆਂ ਦੀ ਮੱਧਿਕਾ ਲੰਬਾਈ ਪਤਾ ਕਰੋ।

| ਲੰਬਾਈ (mm) ਵਿੱਚ | 118-126 | 127-135 | 136-144 | 145-153 | 154-162 | 163-171 | 172-180 |
|---|---|---|---|---|---|---|---|
| ਪੱਤਿਆਂ ਦੀ ਸੰਖਿਆ | 3 | 5 | 9 | 12 | 5 | 4 | 2 |

## Real Numbers, Polynomials, Pair of Linear Equations & Quadratic Equations

## ਵਾਸਤਵਿਕ ਸੰਖਿਆਵਾਂ, ਬਹੁਪਦ ਅਤੇ ਦੋ ਪਦਾਂ ਵਿੱਚ ਰੇਖੀ ਸਮੀਕਰਣਾਂ ਦੇ ਜੋੜੇ

**1)** ਇਹਨਾਂ ਵਿੱਚੋਂ ਕਿਹੜਾ ਕਥਨ ਸਹੀਂ ਹੈ ?( Which one of the following statements is true?)

**a)** ਹਰੇਕ ਸੰਪੂਰਨ ਸੰਖਿਆ ਇੱਕ ਪੂਰਨ ਸੰਖਿਆ ਹੈ।( Every integer is a whole number)

**b)** ਹਰੇਕ ਪਰਿਮੇਯ ਸੰਖਿਆ ਇੱਕ ਸੰਪੂਰਨ ਸੰਖਿਆ ਹੈ।( Every rational number is an integer)

**c)** ਹਰੇਕ ਅਪਰਿਮੇਯ ਸੰਖਿਆ ਇੱਕ ਵਾਸਤਵਿਕ ਸੰਖਿਆ ਹੈ।( Every irrational number is a real number)

**d)** ਹਰੇਕ ਵਾਸਤਵਿਕ ਸੰਖਿਆ ਇੱਕ ਅਪਰਿਮੇਯ ਸੰਖਿਆ ਹੈ।( Every real number is an irrational number)

**2)** ਗ੍ਰਾਫ਼ ਦੁਆਰਾ ਦਰਸਾਏ ਗਏ ਬਹੁਪਦ $p(x)$ ਦੇ ਸਿਫ਼ਰਾਂ ਦੀ ਗਿਣਤੀ ਹੈ:

The number of zeroes of the polynomial $p(x)$ represented by the graph is:




**a)** 1 **b)** 2 **c)** 3 **d)** 4

**3)** ਇਹਨਾਂ ਵਿੱਚੋਂ ਕਿਹੜਾ ਬਹੁਪਦੀ $x^5 - x^3 + 2x - 2$ ਦਾ ਸਿਫ਼ਰ ਹੈ?

Which of the following is a zero of the polynomial $x^5 - x^3 + 2x - 2$?

**a)** 1 **b)** −1 **c)** 2 **d)** − 2

4) ਬਹੁਪਦ $2x^2 - 6x + 1$ ਦੇ ਸਿਫਰਾਂ ਦਾ ਗੁਣਨਫਲ ਹੈ: The product of zeroes of the polynomial $2x^2 - 6x + 1$ is:

**a)** 3 **b)** −3 **c)** $\frac{1}{2}$ **d)** $-\frac{1}{2}$

**5)** ਬਹੁਪਦ ***f*(*x*),** ਦੀਆਂ ਸਿਫਰਾਂ ਦੀ ਗਿਣਤੀ, ਜਿਸ ਦਾ ਗ੍ਰਾਫ ਹੇਠਾਂ ਦਿੱਤਾ ਹੈ, ਇਹ ਹਨ:

The number of zeroes of the polynomial $f(x)$, whose graph is given below, is:




**a)** 1 **b)** 2 **c)** 3 **d)** 4

**6)** ਦੋ ਘਾਤੀ ਬਹੁਪਦ, ਜਿਸ ਦੀਆਂ ਸਿਫ਼ਰਾਂ 3 ਅਤੇ 4 ਹਨ, ਉਹ ਹੈ:

The quadratic polynomial, whose zeroes are 3 and 4, is

a) $x^2 - 7x + 12$ b) $x^2 + 7x + 12$ c) $x^2 - 7x - 12$ d) $x^2 + 7x - 12$

**7)** ਦੋ ਘਾਤੀ ਬਹੁਪਦ $3x^2 + 15x + 12$ ਦੇ ਸਿਫਰ:

a) ਦੋਵੇਂ ਧਨਾਤਮਕ ਹਨ। b) ਦੋਵੇ ਰਿਣਾਤਮਕ ਹਨ।

c) ਇੱਕ ਧਨਾਤਮਕ ਅਤੇ ਇੱਕ ਰਿਣਾਤਮਕ ਹੈ। d) ਬਰਾਬਰ ਹਨ ਪਰੰਤੂ ਉਲਟ ਚਿੰਨ੍ਹ ਵਾਲੇ ਹਨ।

The zeroes of the quadratic polynomial $3x^2 + 5x + 12$ are

a) both positive b) both negative c) one positive and one negative d)equal in magnitude, but opposite in signs

**8)** ਦਿੱਤਾ ਹੈ ਕਿ ਤਿੰਨ ਘਾਤੀ ਬਹੁਪਦ $ax^3 + bx^2 + cx + d$ ਦੀਆਂ ਸਿਫਰਾਂ ਵਿੱਚੋਂ ਇੱਕ ਸਿਫਰ 0 ਹੈ, ਤਾਂ ਬਾਕੀ ਦੋ ਸਿਫਰਾਂ ਦਾ ਗੁਣਨਫਲ ਹੈ:

Given that one of the zeroes of the cubic polynomial $ax^3 + bx^2 + cx + d$ is zero, the product of the other two zeroes is

a) $-\frac{c}{a}$ b) $\frac{c}{a}$ c) 0 d) $-\frac{b}{a}$

**9)** ਹੇਠ ਲਿਖੀਆਂ ਸਮੀਰਕਣਾ ਵਿਚੋਂ ਕਿਹੜੀ x ਧੁਰੇ ਦੇ ਸਮਾਨਤਰ ਰੇਖਾ ਨੂੰ ਦਰਸਾਉਂਦੀ ਹੈ:

Which of the following equations represents a line parallel to x-axis?

**a)** $x = y$ **b)** $2x + 3 = 7$ **c)** $y = 4$ **d)** $x = 3$

**10)** ਜੇਕਰ ਸਮੀਕਰਣਾਂ **4x+ 5y = 2** ਅਤੇ **12x +(p+ 16) y = 6** ਦੇ ਜੋੜੇ ਦੇ ਅਨੰਤ ਹੱਲ ਹਨ, ਤਾਂ **p** ਦਾ ਮੁੱਲ ਹੈ:

If the pair of equations $4x + 5y = 2$ and $12x + (p + 16)y = 6$ has infinitely many solutions, then the value of $p$ is

**a)** 1 **b)** − 1 **c)** 2 **d)** − 2

**11)** ਰੇਖੀ ਸਮੀਕਰਣਾਂ ਦੀ ਜੋੜੀ $3x+4y+15=0$ **ਅਤੇ** $9x+12y=75$ ਦਾ

**a)** ਕੋਈ ਹੱਲ ਨਹੀਂ ਹੈ। **b)** ਇੱਕ ਹੱਲ ਹੈ। **c)** ਦੋ ਹੱਲ ਹਨ। **d)** ਅਨੰਤ ਹੱਲ ਹਨ।

The pair of linear equations $3x+4y+15=0$ and $9x+12y=75$ has

a) no solution b) one solution c) two solutions d) infinitely many solutions

## Arithmetic Progression and Triangles
## ਅੰਕ ਗਣਿਤਕ ਲੜੀਆਂ ਅਤੇ ਤ੍ਰਿਭੁਜ

**1)** ਜੇ $\frac{6}{5}$ **, *a*, 4 A. P.** ਵਿੱਚ ਹਨ, ਤਾਂ ***a*** ਦਾ ਮੁੱਲ ਹੈ: If $\frac{6}{5}$ **, *a*, 4 A. P.** are in A.P., then the value of a is:

**a)** 1 **b)** 13 **c)** $\frac{13}{5}$ **d)** $\frac{26}{5}$

**2) A.P. : 21, 42, 63, 84, …** ਦਾ ਕਿੰਨਵਾਂ ਪਦ 210 ਹੈ? Which term of the AP: 21, 42, 63, 84, … is 210?

**a)** 9 ਵੀਂ **b)** 10 ਵੀਂ **c)** 11 ਵੀਂ **d)** 12 ਵੀਂ

**3)** ਇੱਕ A.P., ਵਿੱਚ , ਜੇਕਰ **$a_1 = 1, a_n = 20$** ਅਤੇ **$S_n = 399$** ਤਾਂ n ਬਰਾਬਰ ਹੈ:

In an A.P., if $a_1 = 1$, $a_n = 20$ and $S_n = 399$, then $n$ is equal to:

**a)** 19 **b)** 21 **c)** 38 **d)** 42

**4)** ਜੇ **$a_1, a_2, a_3, \ldots a_{21}$**, ਸਾਂਝਾ ਅੰਤਰ ***d*** ਨਾਲ **A.P** ਵਿੱਚ ਹਨ ਤਾਂ **$a_1, a_5, a_9, a_{13}$……**

**a)** ਸਾਂਝੇ ਅੰਤਰ 16 *d* ਨਾਲ A.P ਵਿੱਚ ਹੋਣਗੇ। **b)** ਸਾਂਝੇ ਅੰਤਰ d ਨਾਲ A.P. ਵਿੱਚ ਹੋਣਗੇ।

**c)** ਸਾਂਝੇ ਅੰਤਰ 4 d ਨਾਲ A.P. ਵਿੱਚ ਹੋਣਗੇ। **d)** AP ਵਿੱਚ ਨਹੀਂ ਵੀ ਹੋ ਸਕਦੇ।

If $a_1, a_2, a_3, \ldots$ upto $a_{21}$ are in A.P. with common difference $d$, then $a_1, a_5, a_9, a_{13}$

a) must be in A.P. with common difference 16 $d$ b) must be in A.P. with common difference $d$

c) must be in A.P. with common difference 4 $d$ d) may not be in A.P.

**5)** ਜਿਸ A.P. ਵਿੱਚ **$a_{18} - a_{14} = 32$** ਹੈ,ਉਸ AP ਦਾ ਸਾਂਝਾ ਅੰਤਰ ਹੈ:The common difference of an A.P. in which **$a_{18} - a_{14} = 32$** is

**a)** 8 **b)** – 8 **c)** – 4 **d)** 4

**6)** ਜੇਕਰ ਪਹਿਲੀਆਂ 20 ਜਿਸਤ ਪ੍ਰਾਕ੍ਰਿਤਿਕ ਸੰਖਿਆਵਾਂ ਦਾ ਜੋੜਫਲ, ਪਹਿਲੀਆਂ 20 ਟਾਂਕ ਪ੍ਰਾਕਿਤਿਕ ਸੰਖਿਆਵਾਂ ਦੇ ਜੋੜਫਲ ਦਾ **k** ਗੁਣਾ ਹੈ ਤਾਂ **k** ਦਾ ਮੁੱਲ ਹੈ: If the sum of first 20 even natural numbers is equal to $k$ times the sum of first 20 odd natural numbers, then $k$ is equal to:

**a)** $\frac{1}{20}$ **b)** $\frac{19}{20}$ **c)** $\frac{21}{40}$ **d)** $\frac{21}{20}$

**7) A.P.:5, 8, 11, 14, …**ਦਾ 10 ਵਾਂ ਪਦ ਹੈ: The $10^{th}$ term of the A.P. : 5, 8, 11, 14, … is:

**a)** 32 **b)** 35 **c)** 38 **d)** 185

**8) A.P. : 10, 6, 2, …** ਦੇ ਪਹਿਲੇ 16 ਪਦਾਂ ਦਾ ਜੋੜਫਲ ਹੈ: The sum of first 16 terms of the A.P. : 10, 6, 2, … is:

**a)** – 320 **b)** 320 **c)** – 352 **d)** – 400

**9) ਇੱਕ A.P. ਵਿੱਚ**, **ਜੇ a = -7.2, d = 3.6 ਅਤੇ $a_n$ = 7.2, ਤਾਂ** n **ਬਰਾਬਰ** ਹੈ:

In an A.P., if $a = -7.2$, $d = 3.6$ and $a_n = 7.2$, then n is equal to

**a)** 1 **b)** 3 **c)** 4 **d)** 5

**10) A.P.. 8, 3, -2, …** ਦਾ **n** ਵਾਂ ਪਦ ਹੈ: The $n_{th}$ term of the A.P. : 8, 3, –2, ... is:

**a)** $-2 + 3n$ **b)** $5 - 13n$ **c)** $13 - 5n$ **d)** $8 + 3n$

**11)** ਜੇਕਰ ਸੰਖਿਆ 2,7 ਅਤੇ ***k* + 4 A.P..** ਵਿੱਚ ਹਨ, ਤਾਂ ***k*** ਦਾ ਮੁੱਲ ਹੈ:

If the numbers 2, 7 and $k + 4$ are in A.P., then the value of $k$ is:

**a)** 6 **b)** 7 **c)** 10 **d)** 8

**12)** ਦਿੱਤੇ ਗਏ ਚਿੱਤਰ ਵਿੱਚ, **DE || BC**ਹੈ। ਜੇ **AD = 2 cm, AB = 5 cm** ਅਤੇ **BC = 7.5 cm,** ਤਾਂ **DE** ਬਰਾਬਰ ਹੈ: In the given figure, DE || BC. If AD = 2 cm, AB = 5 cm and BC = 7.5 cm, then DE is equal to

**a)** 1.5 cm **b)** 2.5 cm **c)** 3 cm **d)** 5 cm



# Coordinate Geometry, Trigonometry and Application of Trigonometry

## ਨਿਰਦੇਸ਼ ਅੰਕ ਜਿਮਾਇਤੀ, ਤਿਕੋਣਮਿਤੀ ਬਾਰੇ ਜਾਣ ਪਛਾਣ ਅਤੇ ਤਿਕੋਣਮਿਤੀ ਦੇ ਕੁਝ ਉਪਯੋਗ




**1)** ਦਿੱਤੇ ਗਏ ਚਿੱਤਰ ਵਿੱਚ, **AB** ਅਤੇ **CD** ਕ੍ਰਮਵਾਰ ਉੱਚਾਈ **$h_1$** ਅਤੇ **$h_2$** ਵਾਲੇ ਟਾਵਰ ਹਨ। ਬਿੰਦੂ **O, AC** ਦਾ ਮੱਧ ਬਿੰਦੂ ਹੈ। ਜੇ **AB** ਅਤੇ **CD** ਬਿੰਦੂ **O** 'ਤੇ ਕ੍ਰਮਵਾਰ **30°** ਅਤੇ **60°** ਕੋਣ ਬਣਾਉਂਦੇ ਹਨ ਤਾਂ **$h_1 : h_2$ =**
In the given figure, AB and CD are towers of heights $h_1$ and $h_2$ respectively. O is the mid-point of AC. If AB and CD subtend angles 30° and 60° at O, then $h_1 : h_2 =$

**a)** 2 : 1 **b)** 2 : 3 **c)** 3 : 2 **d)** 1 : 3

**2)** ਜੇਕਰ $\cos A = \frac{3}{5}$ ਤਾਂ $tanA =$________ (If $Cos\ A = \frac{3}{5}$ ,then value of $tanA =$________)

a. $\frac{3}{4}$ b. $\frac{4}{5}$ c. $\frac{4}{3}$ d. $\frac{5}{4}$

**3)** ਚਾਰ ਬਿੰਦੂਆਂ **P(– 2, 2), Q(2, – 4), R(– 3, – 4)** ਅਤੇ **S(– 5, – 5)** ਵਿੱਚੋਂ ਜਿਹੜਾ ਦੂਜੀ ਚੌਥਾਈ ਵਿੱਚ ਹੈ, ਉਹ ਬਿੰਦੂ ਹੈ:
Of the four points P(– 2, 2), Q(2, – 4), R(– 3, – 4) and S(– 5, – 5), the point that lies in second quadrant is:

**a)** P **b)** Q **c)** R **d)** S

**4)** 1.5$m$ ਲੰਬਾ ਇੱਕ ਪ੍ਰੇਖਕ ਚਿਮਨੀ ਤੋਂ 28.5$m$ ਦੀ ਦੂਰੀ ਤੇ ਹੈ ।ਉਸਦੀ ਅੱਖਾ ਨਾਲ ਚਿਮਨੀ ਦੇ ਸਿਖ਼ਰ ਦਾ ਉਚਾਣ ਕੋਣ 45° ਹੈ ।ਚਿਮਨੀ ਦੀ ਉਚਾਈ ਪਤਾ ਕਰੋ । An observer 1.5m tall is 28.5m away from a tower . The angle of elevation of the top of the tower from her eyes is $45^0$ .Find the height of the tower .

a) 30 m b) 28.5 m c) 28 m d) 29 m

**5)** ਬਿੰਦੂਆਂ **A (12, 8)** ਅਤੇ **B (4, 16)** ਨੂੰ ਮਿਲਾਉਣ ਵਾਲੇ ਰੇਖਾ ਖੰਡ ਦਾ ਮੱਧ ਬਿੰਦੂ ਹੈ:
The mid-point of the line segment joining the points A (12, 8) and B (4, 16) is

**a)** (8, 12) **b)** (16, 24) **c)** (8, 8) **d)** (12, 12)

**6)** ਬਿੰਦੂਆਂ A (5, – 8) ਅਤੇ B (– 2, 3) ਦੇ ਵਿਚਕਾਰ ਦੀ ਦੂਰੀ ਹੈ: The distance between the points A (5, – 8) and B (– 2, 3) is

a) $\sqrt{170}$ b) 34 c) 18 d) 10

**7)** ਜੇਕਰ $tanA = \sqrt{3}$ , $\cos B = 0$ ਤਾਂ $B - A$ ਦਾ ਮੁੱਲ ------- ਹੋਵੇਗਾ। If $tanA = \sqrt{3}$ , $\cos B = 0$ ,then the value of $B - A =$ ----

a) $60^0$ b) $90^0$ c) $30^0$ d) $0^0$

**8) cos 30°. cos 60° – sin 30°. sin 60°** ਦਾ ਮੁੱਲ ਹੈ: The value of **cos 30°. cos 60° – sin 30°. sin 60°** is:

**a)** 2 **b)** 1 **c)** 0 **d)** $\frac{3}{2}$

**9)** ਜੇ **sin$\theta = \frac{1}{2}$** ਹੈ ਤਾਂ $cosec^2\theta$ ਬਰਾਬਰ ਹੈ: If **sin$\theta = \frac{1}{2}$** then $cosec^2\theta$ is equal to:

**a)** $\frac{1}{4}$ **b)** 2 **c)** 1 **d)** 4

**10) sin 30° cos 60°** ਦਾ ਮੁੱਲ ਹੈ: The value of sin 30° cos 60° is:

**a)** 1 **b)** $\frac{1}{2}$ **c)** $\frac{\sqrt{3}}{4}$ **d)** $\frac{1}{4}$

**11)** ਜੇ **$\theta$ = 30°**, ਤਾਂ **2 sin$\theta$ cos$\theta$** ਬਰਾਬਰ ਹੈ: If **$\theta$ = 30°**, then **2 sin$\theta$ cos$\theta$** is equal to

**a)** $\frac{\sqrt{3}}{2}$ **b)** $2\sqrt{3}$ **c)** $\sqrt{6}$ **d)** $\frac{2}{\sqrt{3}}$

## Circles, Area Related to Circle

## ਚੱਕਰ ਅਤੇ ਚੱਕਰ ਨਾਲ ਸੰਬੰਧਤ ਖੇਤਰਫਲ




**1)** ਦਿੱਤੇ ਗਏ ਚਿੱਤਰ ਵਿੱਚ, PA ਇੱਕ ਕੇਂਦਰ O ਅਤੇ ਅਰਧ ਵਿਆਸ 5 cm ਵਾਲੇ ਚੱਕਰ ਦੀ ਸਪਰਸ਼ ਰੇਖਾ ਹੈ। ਜੇਕਰ OP = 13 cm, ਤਾਂ PA ਬਰਾਬਰ ਹੈ: In the given figure, PA is a tangent to a circle with centre O and radius 5 cm. If OP = 13 cm, then PA is equal to

**a)** 8 cm **b)** 12 cm **c)** 13 cm **d)** 18 cm




**2)** ਦਿੱਤੇ ਚਿੱਤਰ ਵਿੱਚ, ਚਤੁਰਭੁਜ PQRS , ਕੇਂਦਰ O ਵਾਲੇ ਚੱਕਰ ਨੂੰ ਬਾਹਰੀ ਤੌਰ ਤੇ ਛੂੰਹਦਾ ਹੈ । ਜੇਕਰ PD = 4cm, QB = 3 cm, RC = 6 cm ਅਤੇ SD = 5 cm ਹੈ ਤਾਂ PQ ਬਰਾਬਰ ਹੈ: In the given figure, PQRS is a quadrilateral which circumscribes a circle with centre O. If PD = 4 cm, QB = 3 cm, RC = 6 cm and SD = 5 cm, then PQ is equal to:

**a)** 7 cm **b)** 8 cm **c)** 9 cm **d)** 10 cm

**3)** ਇੱਕ ਬਾਹਰੀ ਬਿੰਦੂ ਤੋਂ ਕੇਂਦਰ O ਵਾਲੇ ਚੱਕਰ "ਤੇ ਬਣਾਈਆਂ ਦੋ ਸਪਰਸ਼ ਰੇਖਾਵਾਂ ਵਿਚਕਾਰ **50°** ਦਾ ਕੋਣ ਹੈ। ਜੇ ਸਪਰਸ਼ ਰੇਖਾਵਾਂ, ਚੱਕਰ 'ਤੇ ਬਿੰਦੂ P ਅਤੇ Q 'ਤੇ ਮਿਲਦੀਆਂ ਹਨ ਤਾਂ **∠POQ** ਹੈ: The angle between two tangents drawn from an external point to a circle with centre O is 50°. If the tangents meet the circle at P and Q, then ∠POQ is equal to

**a)** 90° **b)** 100° **c)** 120° **d)** 130°




**4)** ਇੱਕ ਬਾਹਰੀ ਬਿੰਦੂ **P** ਤੋਂ ਕੇਂਦਰ **O** ਵਾਲੇ ਚੱਕਰ 'ਤੇ ਦੋ ਸਪਰਸ਼ ਰੇਖਾਵਾਂ **PA** ਅਤੇ **PB** ਇਸ ਤਰ੍ਹਾਂ ਖਿੱਚੀਆਂ ਗਈਆਂ ਹਨ ਕਿ **∠APB= 120°** ਹੈ। ਜੇ ਹਰੇਕ ਸਪਰਸ਼ ਰੇਖਾ ਦੀ ਲੰਬਾਈ **5 cm** ਹੈ ਤਾਂ **OP** ਬਰਾਬਰ ਹੈ:

Two tangents PA and PB are drawn from an external point P to a circle with centre O such that ∠APB= 120°. If length of each tangent is 5 cm, then OP is equal to

**a)** 5 cm **b)** 5.2 cm **c)** 10 cm **d)** 10.2cm




**5)** ਦਿੱਤੇ ਗਏ ਚਿੱਤਰ ਵਿੱਚ, 10 **cm** ਅਤੇ 8 **cm** ਅਰਧ ਵਿਆਸ ਵਾਲੇ ਦੋ ਚੱਕਰਾਂ ਦਾ ਇੱਕੋ ਕੇਂਦਰ **O** ਹੈ। ਜੇਕਰ ਛੋਟੇ ਚੱਕਰ ਦੇ ਬਿੰਦੂ **P** 'ਤੇ **AB** ਇੱਕ ਸਪਰਸ਼ ਰੇਖਾ ਹੋਵੇ ਤਾਂ **AB** ਦੀ ਲੰਬਾਈ ਹੈ:

In the given figure, two circles of radii 10 cm and 8 cm have the same centre O. If AB is a tangent to the smaller circle at P, then length of AB is

**a)** 6 cm **b)** 12 cm **c)** 14 cm **d)** 18 cm

**6)** ਜੇ ਇੱਕ ਚੱਕਰ ਦੇ ਦੋ ਅਰਧ ਵਿਆਸਾਂ ਦੇ ਵਿਚਕਾਰ ਕੋਣ **140 °** ਹੈ, ਤਾਂ ਅਰਧ ਵਿਆਸਾਂ ਦੇ ਅੰਤ ਬਿੰਦੂਆਂ 'ਤੇ ਬਣੀਆਂ ਸਪਰਸ਼ ਰੇਖਾਵਾਂ ਵਿਚਕਾਰ ਕੋਣ ਹੈ: If angle between two radii of a circle is 140°, then the angle between tangents hich are drawn at the ends of the radii is

**a)** 40° **b)** 70° **c)** 90° **d)** 140°




**7)** ਦਿੱਤੇ ਗਏ ਚਿੱਤਰ ਵਿੱਚ, **PT** ਕੇਂਦਰ **O** ਵਾਲੇ ਚੱਕਰ ਦੀ ਸਪਰਸ਼ ਰੇਖਾ ਹੈ। ਜੇ **∠QPT = 60°** ਹੈ ਤਾਂ **∠PRQ** ਬਰਾਬਰ ਹੈ: In the given figure, PT is tangent to the circle with centre O. If **∠QPT = 60°**, then **∠PRQ** is equal to

**a)** 30° **b)** 45° **c)** 60° **d)** 80°




**8)** ਦਿੱਤੇ ਗਏ ਚਿੱਤਰ ਵਿੱਚ, **APB** ਅਤੇ **CQD** ਸਮਾਂਤਰ ਸਪਰਸ਼ ਰੇਖਾਵਾਂ ਹਨ। ਜੇ ਚੱਕਰ ਦਾ ਅਰਧ ਵਿਆਸ 5**cm** ਹੈ ਤਾਂ **PQ** ਬਰਾਬਰ ਹੈ: In the given figure, APB and CQD are parallel tangents. If radius of the circle is 5 cm then PQ is equal to

**a)** 52 cm **b)** 9 cm **c)** 11 cm **d)** 10 cm

## Surface Area and Volume, Statistics and Probability

## ਸਤ੍ਹਾ ਦਾ ਖੇਤਰਫਲ ਅਤੇ ਆਇਤਨ, ਅੰਕੜਾ ਵਿਗਿਆਨ ਅਤੇ ਸੰਭਾਵਨਾ

**1)** ਦੋ ਪਾਸਿਆਂ ਦੀ ਇੱਕ ਉਛਾਲ 'ਤੇ ਬਰਾਬਰ ਸੰਖਿਆਵਾਂ ਦੀ ਜੋੜੀ (**doublet**) (ਭਾਵ, ਦੋਵੇਂ ਪਾਸਿਆਂ 'ਤੇ ਇੱਕੋ ਸੰਖਿਆ ਆਉਣਾ) ਆਉਣ ਦੀ ਸੰਭਾਵਨਾ ਹੈ: In a single throw of two dice, the probability of getting a doublet (i.e., getting the same number on both the dice) is:

**a)** $\frac{1}{2}$ **b)** $\frac{1}{4}$ **c)** $\frac{1}{6}$ **d)** $\frac{1}{12}$

**2)** ਭੁਜਾ 6 **cm** ਵਾਲਾ ਘਣ ਬਹੁਤ ਸਾਰੇ ਘਣਾਂ ਵਿੱਚ ਕੱਟਿਆ ਹੋਇਆ ਹੈ, ਜਿੱਥੇ ਹਰੇਕ ਘਣ ਦੀ ਹਰੇਕ ਭੁਜਾ 2 **cm** ਹੈ ਤਾਂ ਘਣਾਂ ਦੀ ਗਿਣਤੀ ਹੋਵੇਗੀ: A cube of side 6 cm is cut into a number of cubes, each of side 2 cm. Then the number of cubes will be:

**a)** 9 **b)** 18 **c)** 27 **d)** 36

**3)** ਦੋ ਸਿਲੰਡਰਾਂ ਦੇ ਅਰਧ ਵਿਆਸ ਦਾ ਅਨੁਪਾਤ **2: 3** ਹੈ ਅਤੇ ਉਨ੍ਹਾਂ ਦੀਆਂ ਉੱਚਾਈਆਂ ਵਿੱਚ ਅਨੁਪਾਤ **5: 3** ਹੈ। ਉਹਨਾਂ ਦੇ ਆਇਤਨਾਂ ਦਾ ਅਨੁਪਾਤ ਹੈ: The radii of two cylinders are in the ratio 2 : 3 and their heights are in the ratio 5 : c) The ratio of their volumes is:

**a)** 10 : 27 **b)** 20 : 9 **c)** 20 : 27 **d)** 10 : 9

**4)** ਇੱਕ ਬੈਗ ਵਿੱਚ 4 ਲਾਲ ਗੇਂਦਾ,5 ਹਰੀਆਂ ਗੇਂਦਾਂ ਅਤੇ 6 ਨੀਲੀਆਂ ਗੇਂਦਾਂ ਹਨ। ਇੱਕ ਗੇਂਦ ਬੈਗ ਵਿੱਚੋਂ ਬੇਤਰਤੀਬੀ ਨਾਲ ਕੱਢੀ ਗਈ। ਗੇਂਦ ਹਰੀ ਨਹੀਂ ਹੈ, ਦੀ ਸੰਭਾਵਨਾ ਹੈ:A bag contains 4 red balls, 5 green balls and 6 blue balls. One ball is drawn at random from the bag. The probability that the drawn ball is not green is:

**a)** $\frac{1}{3}$ **b)** $\frac{2}{3}$ **c)** $\frac{4}{15}$ **d)** $\frac{11}{15}$

**5)** ਇੱਕ ਲੰਬ ਚੱਕਰੀ ਸਿਲੰਡਰ ਦੇ ਆਧਾਰ ਦਾ ਖੇਤਰਫਲ 154 $cm^2$ ਹੈ ਅਤੇ ਇਸ ਦਾ ਆਇਤਨ 6160 $cm^3$ ਹੈ। ਸਿਲੰਡਰ ਦੀ ਵਕਰ ਸਤ੍ਹਾ ਦਾ ਖੇਤਰਫਲ ਹੈ ($\pi = \frac{22}{7}$ **ਲਵੋ**) : The area of the base of a right circular cylinder is 154 $cm^2$ and its volume is 6160 $cm^3$ ($\pi = \frac{22}{7}$ ).The curved surface area of the cylinder is:

a) 880 $cm^2$ b) 1760 $cm^2$ c) 1914 $cm^2$ d) 2068 $cm^2$

**6)** ਤਿੰਨ ਸਿੱਕੇ ਇੱਕਠੇ ਉਛਾਲੇ ਗਏ। ਸਾਰੇ ਸਿੱਕਿਆਂ 'ਤੇ ਚਿੱਤ (**Heads**) ਆਉਣ ਦੀ ਕੀ ਸੰਭਾਵਨਾ ਹੈ? Three coins are tossed together. What is the probability of getting all heads?

**a)** $\frac{1}{4}$ **b)** $\frac{1}{8}$ **c)** $\frac{3}{8}$ **d)** $\frac{1}{2}$

**7)** ਇੱਕ ਪਾਸਾ ਇੱਕ ਵਾਰੀ ਸੁੱਟਿਆ ਗਿਆ। ਪਾਸੇ ਦੇ ਉੱਤੇ ਇੱਕ ਅਭਾਜ ਸੰਖਿਆ ਆਉਣ ਦੀ ਸੰਭਾਵਨਾ ਹੈ: A die is thrown once. The probability of getting a prime number on its top is

**a)** $\frac{1}{2}$ **b)** $\frac{2}{3}$ **c)** $\frac{1}{4}$ **d)** $\frac{1}{3}$

**8)** ਇੱਕ ਸ਼ੰਕੂ ਅਤੇ ਸਿਲੰਡਰ ਬਰਾਬਰ ਦੇ ਆਧਾਰ 'ਤੇ ਖੜੇ ਹਨ ਅਤੇ ਉਹਨਾਂ ਦੀ ਉੱਚਾਈ ਸਮਾਨ ਹੈ। ਉਨ੍ਹਾਂ ਦੇ ਆਇਤਨਾ ਦਾ ਅਨੁਪਾਤ ਹੈ: A cone and a cylinder stand on equal bases and have the same height. The ratio of their volumes is

a) 1 : 3 b) 1 : 2 c) 2 : 3 d) 2 : 1

**9)** 8 ਸੰਖਿਆਵਾਂ ਦਾ ਮੱਧਮਾਨ 42 ਹੈ। ਜੇ ਇੱਕ ਸੰਖਿਆ 63 ਹੈ,ਤਾਂ ਬਾਕੀ ਸੰਖਿਆਵਾਂ ਦਾ ਮੱਧਮਾਨ ਹੈ: The mean of eight numbers is 42. If one number is 63, then the mean of the remaining numbers is

a) 36 b) 37 c) 38 d) 39

**10)** ਸੰਖਿਆਵਾਂ 4, 15, 19, 21, 6 ਦੀ ਮੱਧਿਕਾ (Median) ਹੈ:The median of the numbers 4, 15, 19, 21, 6 is

**a)** 19 **b)** 15 **c)** 15.5 **d)** 17

**11)** 100 ਸੰਖਿਆਵਾਂ ਦਾ ਮੱਧਮਾਨ 50 ਲੱਭਿਆ ਗਿਆ ਸੀ। ਪਰ ਬਾਅਦ ਵਿਚ ਇਹ ਦੇਖਿਆ ਗਿਆ ਕਿ ਇੱਕ ਸੰਖਿਆ 150 ਨੂੰ ਗਲਤੀ ਨਾਲ 50 ਦੇ ਤੌਰ ਤੇ ਲਿਆ ਗਿਆ ਸੀ। ਸਹੀ ਮੱਧਮਾਨ ਹੈ :Mean of 100 numbers was found to be 50. But later on, it was observed that one of the number 150 was wrongly taken as 50. The correct mean is:

**a)** 49 **b)** 50 **c)** 51 **d)** 52

# ਮਾਡਲ ਪ੍ਰਸ਼ਨ ਪੱਤਰ (ਗਣਿਤ)

## ਜਮਾਤ- ਦੱਸਵੀਂ

ਕੁੱਲ ਅੰਕ:80 ਸਮਾਂ: 3 **ਘੰਟੇ**

ਜਰੂਰੀ ਨੋਟ:-

ਭਾਗ-ੳ ਵਿੱਚ ਪ੍ਰਸ਼ਨ 1 ਤੋਂ 3 ਤੱਕ ਹਨ ।

ਪ੍ਰਸ਼ਨ 1 ਵਿੱਚ 16 ਪ੍ਰਸ਼ਨ ਬਹੁ-ਵਿਕਲਪੀ ਉੱਤਰ ਵਾਲੇ 1-1 ਅੰਕ ਵਾਲੇ ਹਨ ।

ਪ੍ਰਸ਼ਨ 2 ਵਿੱਚ 7 ਪ੍ਰਸ਼ਨ ਖਾਲੀ ਸਥਾਨ ਭਰਨ ਵਾਲੇ 1-1 ਅੰਕ ਵਾਲੇ ਹਨ ।

ਪ੍ਰਸ਼ਨ 3 ਵਿੱਚ 7 ਪ੍ਰਸ਼ਨ ਸਹੀ / ਗਲਤ ਉੱਤਰਾਂ ਵਾਲੇ 1-1 ਅੰਕ ਵਾਲੇ ਹਨ ।

ਭਾਗ-ਅ ਵਿੱਚ ਪ੍ਰਸ਼ਨ 4 ਤੋਂ 7 ਤੱਕ 2 ਅੰਕ ਵਾਲੇ ਹਨ ।

ਭਾਗ-ੲ ਵਿੱਚ ਪ੍ਰਸ਼ਨ 8 ਤੋਂ 13 ਤੱਕ 4 ਅੰਕ ਵਾਲੇ ਹਨ ।ਇਹਨਾਂ ਪ੍ਰਸ਼ਨਾਂ ਵਿੱਚ ਕਿਸੇ ਵੀ ਤਿੰਨ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ । ਪ੍ਰਸ਼ਨ 12 ਦਾ ਛੋਟ ਵਾਲਾ ਭਾਗ ਕੇਸ ਸਟੱਡੀ ਵਾਲਾ ਹੈ।

ਭਾਗ-ਸ ਵਿੱਚ ਪ੍ਰਸ਼ਨ 14 ਤੋਂ 16 ਤੱਕ 6 ਅੰਕ ਵਾਲੇ ਹਨ, ਇਹਨਾਂ ਸਾਰੇ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ ।

## ਭਾਗ-ੳ

### ਹਰੇਕ ਪ੍ਰਸ਼ਨ ਦਾ 1 ਅੰਕ ਹੈ।

1. **ਸਹੀ ਵਿਕਲਪ ਦੀ ਚੋਣ ਕਰੋ:**

(i) ਦਿੱਤੇ ਗਏ ਗੁਣਨਖੰਡ ਰੁੱਖ ਵਿੱਚ ਅਗਿਆਤ ਸੰਖਿਆ ਕੀ ਹੋਵੇਗੀ?




(a) 6 (b) 3 (c) 9 (d) 18

(ii) ਜੇਕਰ $p(x) = ax^2 + bx + c$, ਇੱਕ ਦੋ ਘਾਤੀ ਬਹੁਪਦ ਹੈ ਤਾਂ $\frac{c}{a}$ ਦਾ $p(x)$ ਦੀਆਂ ਸਿਫਰਾਂ ਨਾਲ ਕੀ ਸੰਬੰਧ ਹੁੰਦਾ ਹੈ?

(a) $\frac{c}{a}$ ਸਿਫਰਾਂ ਦੀ ਘਟਾਓ ਹੈ (b) $\frac{c}{a}$ ਸਿਫਰਾਂ ਦੀ ਭਾਗ ਹੈ

(c) $\frac{c}{a}$ ਸਿਫਰਾਂ ਦਾ ਜੋੜਫਲ ਹੈ (d) $\frac{c}{a}$ ਸਿਫਰਾਂ ਦਾ ਗੁਣਨਫਲ ਹੈ

(iii) ਦਿੱਤੇ ਚਿੱਤਰ ਵਿੱਚ $y = p(x)$ ਦੇ ਆਲੇਖ ਲਈ ਸਿਫਰਾਂ ਦੀ ਗਿਣਤੀ ਕਿੰਨੀ ਹੋਵੇਗੀ?




(a) 2 (b) 6 (c) 4 (d) 3

(iv) ਸਮੀਕਰਣਾਂ $x - y = 4$ ਅਤੇ $x + y = 14$ ਦਾ ਹੱਲ ਹੈ।

(a) $x = 9, y = 5$ (b) $x = 5, y = 9$ (c) $x = -9, y = 5$ (d) $x = 9, y = -5$

(v) ਹੇਠਾਂ ਦਿੱਤੀਆਂ ਸਮੀਕਰਣਾਂ ਵਿੱਚੋਂ ਕਿਹੜੀ ਦੋ ਘਾਤੀ ਸਮੀਕਰਣ ਨਹੀਂ ਹੈ?

(a) $x - \frac{3}{x} = 4$ (b) $3x - \frac{5}{x} = x^2$ (c) $x + \frac{1}{x} = 4$ (d) $x^2 - 3 = 4x^2 - 4x$

(vi) ਜੇਕਰ ਕਿਸੇ ਅੰਕ ਗਣਿਤਿਕ ਲੜੀ ਦੇ ਪਹਿਲੇ $n$ ਪਦਾਂ ਦਾ ਜੋੜਫਲ $S_n$ ਹੋਵੇ ਤਾਂ ਉਸਦਾ $n$ਵਾਂ ਪਦ ਕੀ ਹੋਵੇਗਾ?

(a) $S_n + S_{n-1}$ (b) $S_n - S_{n-1}$ (c) $S_n + S_{n+1}$ (d) $S_{n+1} - S_n$

( vii) ਹੇਠ ਦਿੱਤੀਆਂ ਆਕ੍ਰਿਤੀਆਂ ਵਿੱਚੋਂ ਕਿਹੜੀ ਆਕ੍ਰਿਤੀ ਚੱਕਰ ਦੀ ਸਪਰਸ਼ ਰੇਖਾ ਨੂੰ ਦਰਸਾਉਂਦੀ ਹੈ?

(a)  (b)  (c)  (d) 

(viii) ਦਿੱਤੇ ਗਏ ਚਿੱਤਰ ਦਾ ਅਧਿਐਨ ਕਰਕੇ ਹੇਠ ਲਿਖਿਆਂ ਵਿੱਚੋਂ ਸਹੀ ਕਥਨ ਚੁਣੋ:




(a) ∠P=∠A (b) ∠P=∠B

(c) ∠P=∠C (d) ਉਪਰੋਕਤ ਸਾਰੇ

(ix) cosec $0^\circ$ ਦਾ ਮੁੱਲ ਕੀ ਹੁੰਦਾ ਹੈ?

(a) 0 (b) $\sqrt{2}$ (c) ਪਰਿਭਾਸ਼ਿਤ ਨਹੀਂ (d) 1

(x) $\theta$ ਦੇ ਕਿਸ ਮੁੱਲ ਲਈ $\sin\theta = \cos\theta$ ਹੋਵੇਗਾ?

(a) $30^0$ (b) $45^0$ (c) $60^0$ (d) $90^0$

(xi) ਜੇਕਰ ਚੱਕਰ ਦੇ ਅਰਧ ਵਿਆਸੀ ਖੰਡ ਦਾ ਖੇਤਰਫਲ, ਚੱਕਰ ਦੇ ਖੇਤਰਫਲ ਦਾ $1/_6$ ਹੋਵੇ ਤਾਂ ਕੇਂਦਰੀ ਕੋਣ ਦਾ ਮਾਪ ਕੀ ਹੋਵੇਗਾ?

(a) $90^0$ (b) $60^0$ (c) $45^0$ (d) $30^0$

(xii) ਇੱਕ 7 ਸਮ ਭੁਜਾ ਵਾਲੇ ਘਣ ਵਿੱਚੋਂ ਸਭ ਤੋਂ ਵੱਡੀ ਉਚਾਈ ਵਾਲਾ ਇੱਕ ਸ਼ੰਕੂ ਕੱਢਿਆ ਜਾਂਦਾ ਹੈ ਤਾਂ ਉਸ ਸ਼ੰਕੂ ਦੀ ਉਚਾਈ ਕੀ ਹੋਵੇਗੀ?

(a) $\frac{7}{2}$ ਸਮ (b) 14 ਸਮ (c) 7 ਸਮ (d) 21 ਸਮ

(xiii) ਸਮਾਨ ਅਰਧ ਵਿਆਸ ਅਤੇ ਸਮਾਨ ਉਚਾਈ ਵਾਲੇ ਬੇਲਨ ਅਤੇ ਸ਼ੰਕੂ ਦੇ ਆਇਤਨ ਦਾ ਅਨੁਪਾਤ ਕੀ ਹੁੰਦਾ ਹੈ?

(a) 1:3 (b) 1:1 (c) 3:1 (d) 2:3

(xiv) ਅੰਕੜਿਆਂ 4,6,5,0,2,1,3,2,3,2 ਦਾ ਬਹੁਲਕ ਕੀ ਹੋਵੇਗਾ?

(a) 4 (b) 6 (c) 2 (d) 3

(xv) ਹੇਠਾਂ ਦਿੱਤੀਆਂ ਸੰਖਿਆਵਾਂ ਵਿੱਚੋਂ ਕਿਹੜੀ ਸੰਖਿਆ ਕਿਸੇ ਘਟਨਾ ਦੀ ਸੰਭਾਵਨਾ ਨਹੀਂ ਹੋ ਸਕਦੀ?

(a) 1 (b) $\frac{2}{3}$ (c) $\frac{3}{2}$ (c) 0

(xvi) ਅਸੰਭਵ ਘਟਨਾ ਦੀ ਸੰਭਾਵਨਾ ਕੀ ਹੁੰਦੀ ਹੈ?

(a) $\frac{1}{2}$ (b) 1 (c) 0 (d) -1

**2. ਸਹੀ/ਗਲਤ ਉੱਤਰ ਦੀ ਚੋਣ ਕਰੋ:**

(i) $\sqrt{3}$ ਇੱਕ ਪਰਿਮੇਯ ਸੰਖਿਆ ਨਹੀਂ ਹੈ। (ਸਹੀ/ਗਲਤ)

(ii) ਜੇਕਰ ਕਿਸੇ ਸਮੀਕਰਨ ਪ੍ਰਣਾਲੀ ਵਿੱਚ $\frac{a_1}{a_2} = \frac{b_1}{b_2} \neq \frac{c_1}{c_2}$ ਹੋਵੇ ਤਾਂ ਸਮੀਕਰਨ ਪ੍ਰਣਾਲੀ ਦਾ ਵਿੱਲਖਣ ਹੱਲ ਹੁੰਦਾ ਹੈ। (ਸਹੀ/ਗਲਤ)

(iii) ਜੇਕਰ ਸਮੀਕਰਨ $ax^2 + bx + c = 0$ ਦੇ ਮੂਲ ਸਮਾਨ ਹੋਵੇ ਤਾਂ $D \geq 0$ ਹੁੰਦਾ ਹੈ। (ਸਹੀ/ਗਲਤ)

(iv) ਚੱਕਰ ਦੇ ਅੰਦੂਰਨੀ ਬਿੰਦੂ ਤੋਂ ਚੱਕਰ ਨੂੰ ਦੋ ਸਪਰਸ਼ ਰੇਖਾਵਾਂ ਖਿੱਚੀਆਂ ਜਾ ਸਕਦੀਆਂ ਹਨ। (ਸਹੀ/ਗਲਤ)

(v) ਬਿੰਦੂ $P(3,4)$ ਦੀ ਮੂਲ ਬਿੰਦੂ ਤੋਂ ਦੂਰੀ 5 ਇਕਾਈ ਹੈ। (ਸਹੀ/ਗਲਤ)

(vi) ਕੋਣ $A$ ਦੇ ਕਿਸੇ ਮੁੱਲ ਦੇ ਲਈ $\sin A = \frac{3}{5}$ ਹੋ ਸਕਦਾ ਹੈ। (ਸਹੀ/ਗਲਤ)

(vii) ਮੱਧਮਾਨ, ਮੱਧਿਕਾ ਅਤੇ ਬਹੁਲਕ ਵਿੱਚ ਸੰਬੰਧ 3 **ਬਹੁਲਕ = ਮੱਧਿਕਾ +2 ਮੱਧਮਾਨ** ਹੁੰਦਾ ਹੈ। (ਸਹੀ/ਗਲਤ)

**3. ਖਾਲੀ ਸਥਾਨ ਭਰੋ:**

(i) **ਜੇਕਰ (6,k) ਦਿੱਤੀ ਗਈ ਸਮੀਕਰਨ $3x - y = 22$ ਦਾ ਇੱਕ ਹੱਲ ਹੈ ਤਾਂ k ਦਾ ਮੁੱਲ ________ਹੋਵੇਗਾ।**

(ii) ਅੰਕ ਗਣਿਤਿਕ ਲੜੀ 2,7,12 ਦਾ ਅਗਲਾ ਪਦ__________ ਹੈ।

(iii) ਚਿੱਤਰ ਵਿੱਚ, ਜੇਕਰ LM | | QR ਹੋਵੇ ਤਾਂ PM=_______ ਹੋਵੇਗੀ।




(iv) ਜੇਕਰ ਰੇਖਾਖੰਡ RS ਦਾ ਮੱਧ ਬਿੰਦੂ M ਹੈ ਤਾਂ RM ਅਤੇ SM ਦਾ ਅਨੁਪਾਤ __________ ਹੋਵੇਗਾ।

(v) ਇੱਕ ਚੱਕਰੀ ਖੰਡ ਦਾ ਖੇਤਰਫਲ = ਸੰਗਤ ਅਰਧਵਿਆਸੀ ਖੰਡ ਦਾ ਖੇਤਰਫਲ – ਸੰਗਤ ________ ਦਾ ਖੇਤਰਫਲ ਹੁੰਦਾ ਹੈ।

(vi) ਗੋਲੇ ਦੀ ਕੁੱਲ ਸਤ੍ਹਾ ਦਾ ਖੇਤਰਫਲ __________ ਹੁੰਦਾ ਹੈ।

(vii) ਜੇਕਰ ਕਿਸੇ ਮੈਚ ਵਿੱਚ ਇੱਕ ਖਿਡਾਰੀ ਦੇ ਜਿੱਤਣ ਦੀ ਸੰਭਾਵਨਾ 0.62 ਹੋਵੇ ਤਾਂ ਦੂਸਰੇ (ਵਿਰੋਧੀ) ਖਿਡਾਰੀ ਦੇ ਹਾਰਨ ਦੀ ਸੰਭਾਵਨਾ __________ ਹੋਵੇਗੀ।

## ਭਾਗ-ਅ

## ਹਰੇਕ ਪ੍ਰਸ਼ਨ ਦੇ 2 ਅੰਕ ਹਨ।

4. ਜੇਕਰ ਮ.ਸ.ਵ. (360,657)=9 ਦਿੱਤਾ ਹੈ ਤਾਂ ਲ.ਸ.ਵ. (360,657) ਪਤਾ ਕਰੋ।
5. ਦੋ ਘਾਤੀ ਬਹੁਪਦ ਪਤਾ ਕਰੋ ਜਿਸਦੇ ਸਿਫਰਾਂ ਦਾ ਜੋੜਫਲ ਅਤੇ ਗੁਣਨਫਲ ਕ੍ਰਮਵਾਰ 0 ਅਤੇ $\sqrt{5}$ ਹੋਵੇ।
6. ਅਰਧ ਵਿਆਸ 21 ਸਮ ਵਾਲੇ ਚੱਕਰ ਦੀ ਇੱਕ ਚਾਪ ਕੇਂਦਰ 'ਤੇ $60^\circ$ ਦਾ ਕੋਣ ਬਣਾਉਂਦੀ ਹੈ, ਤਾਂ ਚਾਪ ਦੁਆਰਾ ਬਣਾਏ ਗਏ ਅਰਧ ਵਿਆਸੀ ਖੰਡ ਦਾ ਖੇਤਰਫਲ ਪਤਾ ਕਰੋ।
7. 52 ਪੱਤਿਆਂ ਦੀ ਚੰਗੀ ਤਰ੍ਹਾਂ ਫੈਂਟੀ ਗਈ ਤਾਸ਼ ਦੀ ਗੁੱਟੀ ਵਿੱਚੋਂ ਇੱਕ ਪੱਤਾ ਬਾਹਰ ਕੱਢਿਆ ਜਾਂਦਾ ਹੈ ਤਾਂ ਹੇਠ ਲਿਖਿਆਂ ਨੂੰ ਪ੍ਰਾਪਤ ਕਰਨ ਦੀ ਸੰਭਾਵਨਾ ਪਤਾ ਕਰੋ:-
   (ੳ) ਲਾਲ ਰੰਗ ਦਾ ਬਾਦਸ਼ਾਹ          (ਅ) ਹੁੱਕਮ ਦਾ ਪੱਤਾ

## ਭਾਗ-ੲ

## ਹਰੇਕ ਪ੍ਰਸ਼ਨ ਦੇ 4 ਅੰਕ ਹਨ।

8. ਦੋ ਘਾਤੀ ਸਮੀਕਰਣ $3x^2 - 4\sqrt{3}x + 4 = 0$ ਦੇ ਮੂਲਾਂ ਦੀ ਪ੍ਰਾਕ੍ਰਿਤੀ ਦਾ ਪਤਾ ਕਰੋ ਅਤੇ ਜੇਕਰ ਮੂਲ ਸੰਭਵ ਹਨ ਤਾਂ ਉਹਨਾਂ ਨੂੰ ਪਤਾ ਕਰੋ।
9. ਅੰਕ ਗਣਿਤਿਕ ਲੜੀ 3,15,27,39,……… ਦਾ ਕਿੰਨਵਾਂ ਪਦ ਉਸਦੇ 54ਵੇਂ ਪਦ ਤੋਂ 132 ਵੱਧ ਹੋਵੇਗਾ?

   ਜਾਂ

   ਜੇਕਰ ਕਿਸੇ ਅੰਕ ਗਣਿਤਿਕ ਲੜੀ ਦੇ ਪਹਿਲੇ 7 ਪਦਾਂ ਦਾ ਜੋੜਫਲ 49 ਹੈ ਅਤੇ ਪਹਿਲੇ 17 ਪਦਾਂ ਦਾ ਜੋੜਫਲ 289 ਹੈ, ਤਾਂ ਇਸਦੇ ਪਹਿਲੇ $n$ ਪਦਾਂ ਦਾ ਜੋੜਫਲ ਪਤਾ ਕਰੋ।
10. ਬਿੰਦੂਆਂ (4,-1) ਅਤੇ (-2,-3) ਨੂੰ ਮਿਲਾਉਣ ਵਾਲੇ ਰੇਖਾਖੰਡ ਨੂੰ ਤਿੰਨ ਸਮਾਨ ਭਾਗਾਂ ਵਿੱਚ ਵੰਡਣ ਵਾਲੇ ਬਿੰਦੂਆਂ ਦੇ ਨਿਰਦੇਸ਼ ਅੰਕ ਪਤਾ ਕਰੋ।
11. $\Delta OPQ$ ਵਿੱਚ, ਜਿਸਦਾ ਕੋਣ P ਸਮਕੋਣ ਹੈ, $OP = 7cm$ ਅਤੇ $OQ - PQ = 1$ cm ਹੈ ਤਾਂ $sinQ$ ਅਤੇ $cosQ$ ਦੇ ਮੁੱਲ ਪਤਾ ਕਰੋ।




   ਜਾਂ

   ਸਿੱਧ ਕਰੋ ਕਿ $\frac{\sin\theta - \cos\theta + 1}{\sin\theta + \cos\theta - 1} = \frac{1}{\sec\theta - \tan\theta}$
12. ਜਮੀਨ ਦੇ ਇੱਕ ਬਿੰਦੂ ਤੋਂ, ਇੱਕ 20 ਮੀਟਰ ਉੱਚੀ ਇਮਾਰਤ ਦੇ ਸਿਖਰ 'ਤੇ ਲੱਗੇ ਸੰਚਾਰ ਮੀਨਾਰ ਦੇ ਤਲ ਅਤੇ ਸਿਖਰ ਦੇ ਉਚਾਣ ਕੋਣ ਕ੍ਰਮਵਾਰ $45^\circ$ ਅਤੇ $60^\circ$ ਹਨ। ਸੰਚਾਰ ਮੀਨਾਰ ਦੀ ਉਚਾਈ ਪਤਾ ਕਰੋ।

   ਜਾਂ

   ਇੱਕ ਪਿੰਡ ਵਿੱਚ ਇੱਕ ਬਿਜਲੀ ਦਾ ਖੰਬਾ ਜੋ ਕਿ 5 ਮੀਟਰ ਲੰਬਾ ਹੈ, ਵਿੱਚ ਖਰਾਬੀ ਆ ਜਾਂਦੀ ਹੈ।ਉਸ ਖਰਾਬੀ ਨੂੰ ਦੂਰ ਕਰਨ ਲਈ ਇੱਕ ਇਲੈਕਟ੍ਰੀਸ਼ੀਅਨ ਨੂੰ ਬੁਲਾਇਆ ਜਾਂਦਾ ਹੈ।ਇਲੈਕਟ੍ਰੀਸ਼ੀਅਨ ਵੱਲੋਂ ਦੱਸਿਆ ਜਾਂਦਾ ਹੈ ਕਿ ਖੰਬੇ ਉੱਪਰ ਤਾਰਾਂ ਨੂੰ ਠੀਕ ਕਰਨ ਲਈ ਮੈਨੂੰ ਜ਼ਮੀਨ ਨਾਲ $60^\circ$ ਦਾ ਕੋਣ ਬਣਾਉਂਦੇ ਹੋਏ ਇੱਕ ਪੌੜੀ ਲਗਾਉਣੀ ਪਵੇਗੀ ਜੋ ਕਿ ਖੰਬੇ ਦੇ ਉਪਰਲੇ ਸਿਰੇ ਤੋਂ 1.3 ਮੀਟਰ ਹੇਠਾਂ ਤੱਕ ਪਹੁੰਚੇ।




   1. ਜਿਸ ਬਿੰਦੂ ਤੱਕ ਪੌੜੀ ਲਗਾਈ ਜਾਣੀ ਹੈ, ਉਹ ਜ਼ਮੀਨ ਤੋਂ ਕਿੰਨਾ ਉੱਪਰ ਹੈ?
   2. ਪੌੜੀ ਦੀ ਲੰਬਾਈ ਕਿੰਨੀ ਹੋਵੇਗੀ ?
13. ਲੱਕੜੀ ਦੇ ਇੱਕ ਠੋਸ ਬੇਲਣ ਦੇ ਹਰੇਕ ਸਿਰੇ 'ਤੇ ਇੱਕ ਅਰਧ ਗੋਲਾ ਖੋਦ ਕੇ ਕੱਢਦੇ ਹੋਏ, ਇੱਕ ਵਸਤੂ ਬਣਾਈ ਗਈ ਹੈ,ਜਿਵੇਂ ਕਿ ਚਿੱਤਰ ਵਿੱਚ ਵਿਖਾਇਆ ਗਿਆ ਹੈ।ਜੇਕਰ ਬੇਲਣ ਦੀ ਉੱਚਾਈ 10 ਸਮ ਹੈ ਅਤੇ ਆਧਾਰ ਦਾ ਅਰਧ ਵਿਆਸ 3.5 ਸਮ ਹੈ ਤਾਂ ਇਸ ਵਸਤੂ ਦੀ ਕੁੱਲ ਸਤ੍ਹਾ ਦਾ ਖੇਤਰਫਲ ਪਤਾ ਕਰੋ।



## ਭਾਗ-ਸ

## ਹਰੇਕ ਪ੍ਰਸ਼ਨ ਦੇ 6 ਅੰਕ ਹਨ।

14. ਪੜਤਾਲ ਕਰੋ ਕਿ ਹੇਠਾਂ ਦਿੱਤਾ ਸਮੀਕਰਨਾਂ ਦਾ ਜੋੜਾ ਸੰਗਤ ਹੈ ਜਾਂ ਅਸੰਗਤ?

$$x + 3y = 6$$
$$2x - 3y = 12$$

ਜੇਕਰ ਇਹ ਸੰਗਤ ਹੈ ਤਾਂ ਇਸਦਾ ਕਿਹੜਾ ਹੱਲ ਹੋਵੇਗਾ ਅਤੇ ਉਹ ਹੱਲ ਪਤਾ ਕਰੋ।

**ਜਾਂ**

ਪੰਜ ਸਾਲ ਪਹਿਲਾਂ ਨੂਰੀ ਦੀ ਉਮਰ ਸੋਨੂੰ ਦੀ ਉਮਰ ਦਾ ਤਿੰਨ ਗੁਣਾ ਸੀ। ਦਸ ਸਾਲ ਬਾਦ ਨੂਰੀ ਦੀ ਉਮਰ ਸੋਨੂੰ ਦੀ ਉਮਰ ਦਾ ਦੋ ਗੁਣਾ ਹੋ ਜਾਵੇਗੀ। ਨੂਰੀ ਅਤੇ ਸੋਨੂੰ ਦੀ ਵਰਤਮਾਨ ਉਮਰ ਕਿੰਨੀ ਹੈ?

15. ਸਿੱਧ ਕਰੋ ਕਿ ਜੇਕਰ ਕਿਸੇ ਤ੍ਰਿਭੁਜ ਦੀ ਇੱਕ ਭੁਜਾ ਦੇ ਸਮਾਂਤਰ ਬਾਕੀ ਦੋ ਭੁਜਾਵਾਂ ਨੂੰ ਭਿੰਨ ਭਿੰਨ ਬਿੰਦੂਆਂ 'ਤੇ ਕੱਟਦੀ ਹੋਈ ਇੱਕ ਰੇਖਾ ਖਿੱਚੀ ਜਾਵੇ, ਤਾਂ ਬਾਕੀ ਦੋ ਭੁਜਾਵਾਂ ਇੱਕ ਹੀ ਅਨੁਪਾਤ ਵਿੱਚ ਵੰਡੀਆਂ ਜਾਂਦੀਆਂ ਹਨ।

**ਜਾਂ**

ਦਿੱਤੇ ਹੋਏ ਚਿੱਤਰ ਵਿੱਚ, $XY$ ਅਤੇ $X'Y'$, ਕੇਂਦਰ $O$ ਵਾਲੇ ਕਿਸੇ ਚੱਕਰ 'ਤੇ ਦੋ ਸਮਾਂਤਰ ਸਪਰਸ਼ ਰੇਖਾਵਾਂ ਹਨ ਅਤੇ ਸਪਰਸ਼ ਬਿੰਦੂ $C$ 'ਤੇ ਸਪਰਸ਼ ਰੇਖਾ $AB$, $XY$ ਨੂੰ $A$ ਅਤੇ $X'Y'$ ਨੂੰ $B$ 'ਤੇ ਕੱਟਦੀ ਹੈ। ਸਿੱਧ ਕਰੋ ਕਿ $\angle AOB = 90°$ ਹੈ।




16. ਦਿੱਤੇ ਪੌਦੇ ਦੀਆਂ 40 ਪੱਤੀਆਂ ਦੀ ਲੰਬਾਈ ਲਗਭਗ ਮਿਲੀਮੀਟਰ ਵਿੱਚ ਮਾਪੀ ਜਾਂਦੀ ਹੈ ਅਤੇ ਪ੍ਰਾਪਤ ਅੰਕਿੜਆਂ
ਨੂੰ ਹੇਠਾਂ ਦਿੱਤੀ ਸਾਰਣੀ ਦੇ ਰੂਪ ਵਿੱਚ ਦਰਸਾਇਆ ਜਾਂਦਾ ਹੈ:

| ਲੰਬਾਈ (ਮਿਲੀਮੀਟਰ ਵਿੱਚ) | ਪੱਤੀਆਂ ਦੀ ਸੰਖਿਆ |
|---|---|
| 118 - 126 | 3 |
| 127 - 135 | 5 |
| 136 - 144 | 9 |
| 145 - 153 | 12 |
| 154 - 162 | 5 |
| 163 - 171 | 4 |
| 171 - 180 | 2 |

ਪੱਤੀਆਂ ਦੀ ਮੱਧਿਕਾ ਲੰਬਾਈ ਪਤਾ ਕਰੋ।

**ਜਾਂ**

ਹੇਠ ਦਿੱਤੀ ਸਾਰਣੀ ਕਿਸੇ ਮੁੱਹਲੇ ਦੇ 25 ਪਰਿਵਾਰਾਂ ਦੇ ਭੋਜਨ ਉਪੱਰ ਹੋਣ ਵਾਲੇ ਰੋਜ਼ਾਨਾ ਖਰਚ ਨੂੰ ਦਰਸਾਉਂਦੀ ਹੈ:

| ਰੋਜ਼ਾਨਾ ਖਰਚ (ਰੁ ਵਿੱਚ) | 100 - 150 | 150 - 200 | 200 - 250 | 250 - 300 | 300 - 350 |
|---|---|---|---|---|---|
| ਪਰਿਵਾਰਾਂ ਦੀ ਸੰਖਿਆਂ | 4 | 5 | 12 | 2 | 2 |

ਭੋਜਨ ਉਪਰ ਹੋਏ ਖਰਚ ਦਾ ਮੱਧਮਾਨ ਪਤਾ ਕਰੋ।